



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਐਤਵਾਰ 31 ਮਈ 2026, ਨਾਨਕਸ਼ਾਹੀ 17 ਜੇਠ, ਸੰਮਤ 558 | ਸਾਲ: 5, ਅੰਕ 37 , ਪੰਨੇ: 4, ਮੁੱਲ: 4 ਰੁਪਏ


## ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪੁਲਿਸ ਵੱਲੋਂ ਸਿੱਖ ਸ਼ਸਤਰ ਜ਼ਬਤ ਕਰਦਿਆਂ ਪਰਚੇ ਦਰਜ਼ ਕਰਨੇ ਬੇਹੱਦ ਮੰਦਭਾਗਾ- ਐਡਵੋਕੇਟ ਧਾਮੀ

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼

**ਸਿੱਖ ਧਰਮ ਅੰਦਰ ਸ਼ਸਤਰਾਂ ਦੀ ਅਹਿਮ ਮਹੱਤਤਾ ਹੈ ਅਤੇ ਗੁਰੂ ਸਾਹਿਬ ਨੇ ਹਰ ਸਿੱਖ ਨੂੰ ਸ਼ਸ਼ਤਰਧਾਰੀ ਹੋਣ ਦਾ ਆਦੇਸ਼ ਕੀਤਾ ਹੈ।**



ਅੰਮ੍ਰਿਤਸਰ, 30 ਮਈ (ਸੰਧਾ) ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸਿੱਖ ਸ਼ਰਧਾਲੂਆਂ, ਸ਼ਸਤਰ ਵੇਚਣ ਵਾਲੇ ਦੁਕਾਨਦਾਰਾਂ ਅਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੁੜੇ ਵਿਅਕਤੀਆਂ ਖਿਲਾਫ਼ ਦਰਜ ਕੀਤੇ ਗਏ ਪਰਚਿਆਂ ਅਤੇ ਵੱਡੀ ਗਿਣਤੀ ਵਿਚ ਕਿਰਪਾਨਾਂ ਤੇ ਸ਼ਸਤਰਾਂ ਨੂੰ ਜਬਤ ਕੀਤੇ ਜਾਣ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੇਹੱਦ ਮੰਦਭਾਗਾ ਅਤੇ ਸਿੱਖ ਮਨਾਂ ਨੂੰ ਸੱਟ ਮਾਰਨ ਵਾਲੀ ਕਾਰਵਾਈ ਆਖਿਆ ਹੈ। ਜਾਰੀ ਪ੍ਰੈੱਸ ਬਿਆਨ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਅੰਦਰ ਸ਼ਸਤਰਾਂ ਦੀ ਅਹਿਮ ਮਹੱਤਤਾ ਹੈ ਅਤੇ ਗੁਰੂ ਸਾਹਿਬ ਨੇ ਹਰ ਸਿੱਖ ਨੂੰ ਸ਼ਸ਼ਤਰਧਾਰੀ ਹੋਣ ਦਾ ਆਦੇਸ਼ ਕੀਤਾ ਹੈ, ਇਸ ਲਈ ਸ਼ਸਤਰ ਸਿੱਖ ਰਹਿਣੀ ਦਾ ਅਹਿਮ ਅੰਗ ਹਨ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਉਹ ਪਾਵਨ ਅਸਥਾਨ ਹੈ, ਜਿਥੇ ਸ਼ਸ਼ਤਰਾਂ ਦੀ ਸੇਵਾ ਅਤੇ ਸਤਿਕਾਰ ਸਦੀਆਂ ਤੋਂ ਸਿੱਖ ਪ੍ਰੰਪਰਾਵਾਂ ਦਾ ਅਟੁੱਟ ਹਿੱਸਾ ਰਿਹਾ ਹੈ। ਅਜਿਹੇ ਵਿਚ ਸਿੱਖਾਂ ਦੀ ਆਸਥਾ ਨਾਲ ਜੁੜੇ ਅਸਥਾਨ ’ਤੇ ਪ੍ਰਸ਼ਾਸਨ ਵੱਲੋਂ ਸਿੱਖ ਪ੍ਰੰਪਰਾਵਾਂ ਨੂੰ ਨਜ਼ਰਅੰਦਾਜ਼ ਕਰਦਿਆਂ ਕੀਤੀ ਗਈ ਕਾਰਵਾਈ ਨੇ ਸਿੱਖ ਕੌਮ ਅੰਦਰ ਵੱਡਾ ਰੋਸ ਪੈਦਾ ਕੀਤਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕਾਨੂੰਨ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫ਼ਰਜ਼ ਹੈ, ਪ੍ਰੰਤੂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਿੱਖ ਧਰਮ ਦੀਆਂ ਧਾਰਮਿਕ ਭਾਵਨਾਵਾਂ, ਮਰਯਾਦਾ ਅਤੇ ਇਤਿਹਾਸਕ ਪ੍ਰੰਪਰਾਵਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰਨੀ ਚਾਹੀਦੀ, ਜੋ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਹੋਵੇ। ਐਡਵੋਕੇਟ ਧਾਮੀ ਨੇ ਮਹਾਰਾਸ਼ਟਰ ਸਰਕਾਰ ਅਤੇ ਪ੍ਰਸ਼ਾਸਨ ਨੂੰ ਦਰਜ ਕੀਤੇ ਅਜਿਹੇ ਪਰਚੇ ਤੁਰੰਤ ਰੱਦ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸਿੱਖ ਆਪਣੇ ਧਾਰਮਿਕ ਚਿੰਨ੍ਹਾਂ, ਸ਼ਸ਼ਤਰ ਪ੍ਰੰਪਰਾ ਅਤੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਵਿਲੱਖਣ ਪਛਾਣ ’ਤੇ ਹਮੇਸ਼ਾ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਹਨ ਅਤੇ ਸਰਕਾਰਾਂ ਨੂੰ ਵੀ ਸਿੱਖ ਪ੍ਰੰਪਰਾਵਾਂ ਦੀ ਮਾਣ-ਮਰਯਾਦਾ ਦਾ ਧਿਆਨ ਰੱਖਣਾ ਚਾਹੀਦਾ ਹੈ।

## ਆਪਣਾ ਉਹ ਜਿਹੜਾ ਤੁਹਾਡਾ ਭਲਾ ਸੋਚੇ।

### ਸਰਬਜੋਤ ਸਿੰਘ ਸੰਧਾ

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼

ਇਹ ਬਿਲਕੁਲ ਸੱਚ ਹੈ।ਅਸਲ 'ਆਪਣਾ' ਉਹੀ ਇਨਸਾਨ ਹੁੰਦਾ ਹੈ ਜੋ ਤੁਹਾਡੇ ਨਾਲ ਕੋਈ ਛਲ, ਕਪਟ ਜਾਂ ਚਲਾਕੀਆਂ ਨਹੀਂ ਖੇਡਦਾ। ਉਸਦਾ ਪਿਆਰ ਅਤੇ ਸਾਥ ਸੱਚਾ ਹੁੰਦਾ ਹੈ। ਅਜਿਹੇ ਰਿਸ਼ਤਿਆਂ ਦੀ ਨੀਂਹ ਹਮੇਸ਼ਾ ਭਰੋਸੇ, ਇਮਾਨਦਾਰੀ ਅਤੇ ਸਤਿਕਾਰ 'ਤੇ ਟਿਕੀ ਹੁੰਦੀ ਹੈ।ਜਿੱਥੇ ਚਲਾਕੀ ਹੁੰਦੀ ਹੈ, ਉੱਥੇ ਕਦੇ ਸੱਚਾ ਭਰੋਸਾ ਨਹੀਂ ਬਣ ਸਕਦਾ। ਸੱਚੇ ਰਿਸ਼ਤੇ ਵਿੱਚ ਮਨ ਵਿੱਚ ਕੋਈ ਲੁਕੀ ਹੋਈ ਗੱਲ ਨਹੀਂ ਹੁੰਦੀ।ਆਪਣੇ ਉਹ ਹਨ ਜੋ ਤੁਹਾਡੇ ਮੂੰਹ 'ਤੇ ਸੱਚ ਬੋਲਣ ਦਾ ਹੌਸਲਾ ਰੱਖਦੇ ਹਨ, ਨਾ ਕਿ ਪਿੱਠ ਪਿੱਛੇ ਸਾਜ਼ਿਸ਼ਾਂ ਘੜਦੇ ਹਨ।ਜਿਸ ਰਿਸ਼ਤੇ ਵਿੱਚ ਕੋਈ ਮਤਲਬ ਜਾਂ ਚਲਾਕੀ ਨਾ ਹੋਵੇ, ਉਹੀ ਸਬੰਧ ਉਮਰ ਭਰ ਨਿਭਦੇ ਹਨ।ਚਲਾਕ ਇਨਸਾਨ ਹਮੇਸ਼ਾ ਆਪਣਾ ਫਾਇਦਾ ਦੇਖਦਾ ਹੈ, ਪਰ ਆਪਣਾ ਵਿਅਕਤੀ ਤੁਹਾਡੀ ਖੁਸ਼ੀ ਅਤੇ ਮਾਨਸਿਕ ਸ਼ਾਂਤੀ ਨੂੰ ਪਹਿਲ ਦਿੰਦਾ ਹੈ। ਅਸਲੀਅਤ ਵਿਚ ਆਪਣਾ ਉਹ ਹੈ ਜਿਹੜਾ ਤੁਹਾਡਾ ਭਲਾ ਸੋਚਦਾ ਹੋਵੇ।

## ਮੋਦੀ ਸਰਕਾਰ ਨੇ ਜਨਸੰਖਿਆ ਤਬਦੀਲੀ 'ਤੇ ਇੱਕ ਉੱਚ-ਪੱਧਰੀ ਕਮੇਟੀ ਬਣਾਈ ਹੈ, ਅਤੇ ਦੇਸ਼ ਵਿੱਚੋਂ ਹਰ ਘੁਸਪੈਠੀਏ ਨੂੰ ਚੋਣਵੇਂ ਰੂਪ ਵਿੱਚ ਬਾਹਰ ਕੱਢੇਗੀ:ਅਮਿਤ ਸ਼ਾਹ

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼



ਨਵੀਂ ਦਿੱਲੀ, 30 ਮਈ (ਫ.ਟ.ਬ) ਰਾਸ਼ਟਰੀ ਰਾਜਨੀਤੀ ਵਿੱਚ ਕੁਝ ਅਜਿਹੇ ਸਮੇਂ ਆਉਂਦੇ ਹਨ ਜਦੋਂ ਜਨਤਾ ਸਪੱਸ਼ਟ ਤੌਰ 'ਤੇ ਦੇਖਦੀ ਹੈ ਕਿ ਸਰਕਾਰ ਸਿਰਫ਼ ਐਲਾਨ ਹੀ ਨਹੀਂ ਕਰ ਰਹੀ ਹੈ, ਸਗੋਂ ਜ਼ਮੀਨੀ ਪੱਧਰ 'ਤੇ ਬਦਲਾਅ ਦੀ ਕਲਪਨਾ ਵੀ ਕਰ ਰਹੀ ਹੈ। ਅੱਜ ਦਾ ਭਾਰਤ ਇੱਕ ਅਜਿਹੇ ਹੀ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ, ਜਿੱਥੇ ਇੱਕ ਪਾਸੇ, ਸਰਹੱਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ, ਜਦੋਂ ਕਿ ਦੂਜੇ ਪਾਸੇ, ਦੇਸ਼ ਭਰ ਵਿੱਚ ਵਿਕਾਸ ਅਤੇ ਰਾਸ਼ਟਰਵਾਦ ਦਾ ਇੱਕ ਨਵਾਂ ਮਾਡਲ ਸਥਾਪਤ ਕੀਤਾ ਜਾ ਰਿਹਾ ਹੈ

ਹਾਲ ਹੀ ਵਿੱਚ, ਦੇਸ਼ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ, ਜਿਸ ਨਾਲ ਰਾਸ਼ਟਰ-ਪਹਿਲਾਂ ਹੋਣ ਦੀ ਭਾਵਨਾ ਨੂੰ ਹੋਰ ਮਜ਼ਬੂਤੀ ਮਿਲੀ ਹੈ। ਦਰਅਸਲ, ਮੋਦੀ ਸਰਕਾਰ ਨੇ ਦੇਸ਼ ਵਿੱਚੋਂ ਹਰ ਘੁਸਪੈਠੀਏ ਨੂੰ ਚੋਣਵੇਂ ਰੂਪ ਵਿੱਚ ਬਾਹਰ ਕੱਢਣ ਲਈ ਜਨਸੰਖਿਆ ਤਬਦੀਲੀ 'ਤੇ ਇੱਕ ਉੱਚ-ਪੱਧਰੀ ਕਮੇਟੀ ਬਣਾਈ ਹੈ। ਇਹ ਮਜ਼ਬੂਤ ਅਤੇ ਦ੍ਰਿੜ ਫੈਸਲਾ ਸ਼ਾਹ ਦੇ ਦ੍ਰਿੜ ਇਰਾਦੇ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ, ਜੋ ਲੋਕਾਂ ਦੀ ਪਿਆਰੀ ਹਸਤੀ ਅਤੇ ਅੰਤਯੋਦਿਆ ਰਾਜਨੀਤੀ ਦੇ ਚੈਂਪੀਅਨ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਆਧੁਨਿਕ ਭਾਰਤ ਦੇ ਨਿਰਮਾਤਾ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ, ਅੱਜ ਉਨ੍ਹਾਂ ਤਾਕਤਾਂ ਨੂੰ ਇੱਕ ਮਜ਼ਬੂਤ ਸੁਨੇਹਾ ਭੇਜਿਆ ਗਿਆ ਹੈ ਜੋ ਦੇਸ਼ ਦੀ ਜਨਸੰਖਿਆ ਨੂੰ ਵਿਗਾੜਨਾ ਚਾਹੁੰਦੀਆਂ ਹਨ। ਇਹ ਉੱਚ-ਪੱਧਰੀ ਕਮੇਟੀ ਉਨ੍ਹਾਂ ਖੇਤਰਾਂ ਦਾ ਡੂੰਘਾਈ ਨਾਲ ਅਧਿਐਨ ਕਰੇਗੀ ਜਿੱਥੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਕਾਰਨ ਆਬਾਦੀ ਸੰਤੁਲਨ ਵਿੱਚ ਬਦਲਾਅ ਆਉਣ ਬਾਰੇ ਲੰਬੇ ਸਮੇਂ ਤੋਂ ਚਿੰਤਾਵਾਂ ਸਨ। ਜਨਤਾ ਨੂੰ ਇਹ ਸੁਨੇਹਾ ਸਪੱਸ਼ਟ ਤੌਰ 'ਤੇ ਦਿੱਤਾ ਗਿਆ ਹੈ ਕਿ ਦੇਸ਼ ਦੀਆਂ ਸਰਹੱਦਾਂ ਹੁਣ ਨਾ ਸਿਰਫ਼ ਨਕਸ਼ਿਆਂ 'ਤੇ, ਸਗੋਂ ਨੀਤੀਆਂ ਅਤੇ ਇਰਾਦਿਆਂ ਰਾਹੀਂ ਵੀ ਸੁਰੱਖਿਅਤ ਹੋਣਗੀਆਂ।

ਅੱਜ, ਪੂਰਬ ਤੋਂ ਪੱਛਮ ਅਤੇ ਉੱਤਰ ਤੋਂ ਦੱਖਣ ਤੱਕ, ਇੱਕ ਵਿਲੱਖਣ ਸੱਭਿਆਚਾਰਕ ਪੁਨਰਜਾਗਰਣ ਦੇਖਿਆ ਜਾ ਰਿਹਾ ਹੈ। ਇਹ ਮਹਿਸੂਸ ਕਰਨਾ ਮਾਣ ਵਾਲੀ ਗੱਲ ਹੈ ਕਿ ਮੋਦੀ ਦੀ ਅਗਵਾਈ ਹੇਠ, ਗੰਗੋਤਰੀ ਤੋਂ ਗੰਗਾਸਾਗਰ ਤੱਕ, ਪੂਰੀ ਗੰਗਾ ਨਦੀ ਦੇ ਨਾਲ-ਨਾਲ ਭਗਵਾ ਲਹਿਰਾ ਰਿਹਾ ਹੈ। ਇਹ ਰਾਜਨੀਤੀ ਦੇ ਚਾਣਕਿਆ ਵਜੋਂ ਜਾਣੇ ਜਾਂਦੇ ਸ਼ਾਹ ਦੀਆਂ ਦੂਰਦਰਸ਼ੀ ਰਣਨੀਤੀਆਂ ਅਤੇ ਮੋਦੀ ਦੀ ਵਿਸ਼ਾਲ ਅਗਵਾਈ ਦਾ ਨਤੀਜਾ ਹੈ ਕਿ ਅੱਜ ਪੂਰਾ ਗੰਗਾ ਪੱਟੀ ਸਨਾਤਨ ਸੱਭਿਆਚਾਰ ਅਤੇ ਰਾਸ਼ਟਰਵਾਦ ਦੇ ਰੰਗਾਂ ਵਿੱਚ ਰੰਗਿਆ ਹੋਇਆ ਹੈ।

ਹਰ ਕੋਈ ਇਸ ਤੱਥ ਦਾ ਗਵਾਹ ਹੈ ਕਿ 'ਗੁਜਰਾਤ ਦਾ ਵਿਕਾਸ ਮਾਡਲ ਹੁਣ ਦੇਸ਼ ਦਾ ਵਿਕਾਸ ਮਾਡਲ ਬਣ ਗਿਆ ਹੈ।' ਸ਼ਾਹ ਦੇ ਸੰਗਠਨਾਤਮਕ ਹੁਨਰ ਦੀ ਬਦੌਲਤ, ਗੁਜਰਾਤ ਮਾਡਲ, ਜੋ ਕਦੇ ਸੁਸ਼ਾਸਨ ਦਾ ਮਾਡਲ ਹੁੰਦਾ ਸੀ, ਹੁਣ ਦੇਸ਼ ਦੇ ਹਰ ਕੋਨੇ ਵਿੱਚ, ਅਸਾਮ ਤੋਂ ਕਸ਼ਮੀਰ ਤੱਕ ਲਾਗੂ ਕੀਤਾ ਜਾ ਰਿਹਾ ਹੈ।

ਮੋਦੀ ਸਰਕਾਰ ਦੇ 12 ਸਾਲਾਂ ਵਿੱਚ, ਦੇਸ਼ ਦੇ 80% ਖੇਤਰ 'ਤੇ ਭਾਜਪਾ ਦਾ ਰਾਜ ਸਮਰਥਕਾਂ ਲਈ ਮਾਣ ਦਾ ਸਰੋਤ ਅਤੇ ਵਿਰੋਧੀਆਂ ਲਈ ਰਾਜਨੀਤਿਕ ਚੁਣੌਤੀ ਬਣ ਗਿਆ ਹੈ। ਲੋਕ ਮਹਿਸੂਸ ਕਰਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਕਾਸ ਨੂੰ ਰਾਜਨੀਤੀ ਦਾ ਕੇਂਦਰ ਬਣਾਇਆ, ਜਦੋਂ ਕਿ ਆਧੁਨਿਕ ਭਾਰਤ (ਬਾਕੀ ਸਫਾ 2 ਤੇ)

## ਪੰਜਾਬ ਸਰਕਾਰ ਵੱਲੋਂ ਗਰਮੀ ਦੀਆਂ ਛੁੱਟੀਆਂ ਦਾ ਐਲਾਨ

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼




ਚੰਡੀਗੜ੍ਹ, 30 ਮਈ (ਫ.ਟ.ਬ) ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸਕੂਲਾਂ ਵਿੱਚ 1 ਜੂਨ ਤੋਂ 30 ਜੂਨ ਤੱਕ ਗਰਮੀ ਦੀਆਂ ਛੁੱਟੀਆਂ ਕਰਨ ਦਾ ਰਸਮੀ ਐਲਾਨ ਕਰ ਦਿੱਤਾ ਹੈ। ਇਸ ਸੰਬੰਧੀ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਸਕੱਤਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਫੈਸਲਾ ਸੂਬੇ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ 'ਤੇ ਲਾਗੂ ਹੋਵੇਗਾ। 1 ਜੂਨ ਤੋਂ ਸ਼ੁਰੂ ਹੋ ਕੇ ਇਹ ਛੁੱਟੀਆਂ 30 ਜੂਨ ਤੱਕ ਜਾਰੀ ਰਹਿਣਗੀਆਂ। ਇਸ ਤੋਂ ਬਾਅਦ 1 ਜੁਲਾਈ ਨੂੰ ਸਾਰੇ ਸਕੂਲ ਆਪਣੇ ਪੂਰਵ ਨਿਰਧਾਰਤ ਸਮੇਂ ਅਨੁਸਾਰ ਖੁੱਲ੍ਹਣਗੇ।

## 4 ਬੱਚੇ ਅ਼ਗਵਾ ਦੀ ਖ਼ਬਰ,ਇਲਾਕੇ ਵਿੱਚ ਫੈਲੀ ਸਨਸਨੀ

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼

**ਪਠਾਨਕੋਟ ਪੁਲਿਸ ਨੇ ਦਰਖਾਸਤ ਮਿਲਣ ਤੋਂ ਬਾਅਦ ਇਕ ਘੰਟੇ ਵਿੱਚ ਬੱਚੇ ਕੀਤੇ ਮਾਪਿਆਂ ਦੇ ਹਾਵਲੇ ।**



ਪਠਾਨਕੋਟ, 30 ਮਈ (ਪਵਨ ਸ਼ਰਮਾਂ) ਜ਼ਿਲ੍ਹਾ ਪਠਾਨਕੋਟ ਦੇ ਪਿੰਡ ਬਗਾਰ-ਜੰਡਵਾਲ ਵਿਖੇ ਉਸ ਸਮੇਂ ਅਫਰਾ ਤਫੜੀ ਦਾ ਮਾਹੌਲ ਬਣ ਗਿਆ ਜਦੋਂ ਗਰੀਬ ਦਿਹਾੜੀਦਾਰ ਪਰਿਵਾਰ ਨਾਲ ਸਬੰਧਤ 4 ਬੱਚੇ ਰਜਤ ਪੁੱਤਰ ਜਯੋਤੀ ਕੁਮਾਰ ਜਮਾਤ 7 ਵੀਂ,ਸਤਿਅਮ ਪੁੱਤਰ ਕੁਲਦੀਪ ਕੁਮਾਰ ਜਮਾਤ 7 ਵੀ,ਦੀਵਾਂਸ਼ ਪੁੱਤਰ ਕਮਾਲ ਕੁਮਾਰ ਜਮਾਤ 8 ਵੀ ,ਕੁਨਾਲ ਪੁੱਤਰ ਅਮਨ ਕੁਮਾਰ 8 ਵੀ ਚਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਵਾਲ ਦੇ ਵਿਦਿਆਰਥੀ ਹਨ।ਘਰੋਂ ਸਵੇਰੇ 5 ਵਜੇ ਸੈਰ ਕਰਨ ਗਏ ਪਰ ਸਵੇਰੇ 8 ਵਜੇ ਤੱਕ ਘਰ ਵਾਪਸ ਨਹੀਂ ਪੁੱਜੇ।ਜਿਸ ਕਾਰਨ ਉਹਨਾਂ ਦੇ ਮਾਤਾ ਪਿਤਾ ਬਹੁਤ ਘਬਰਾ ਗਏ। ਮੁਹੱਲੇ ਵਾਸੀਆਂ ਅਤੇ ਮਾਪਿਆ ਨੂੰ ਕਾਫੀ ਸਮਾਂ ਭਾਲ ਕਰਨ ਤੋਂ ਬਾਅਦ ਵੀ ਜਦੋਂ ਬੱਚੇ ਨਹੀਂ ਮਿਲੇ ਤਾਂ ਇਲਾਕੇ ਵਿੱਚ ਬੱਚੇ ਅਗ਼ਵਾ ਹੋਣ ਦੀ ਅਫ਼ਵਾਹ ਫੈਲ ਗਈ। ਮੁਹੱਲੇ ਵਾਸੀਆਂ ਅਤੇ ਮਾਪਿਆਂ ਨੇ ਥਾਣਾ ਮਾਮੂਨ ਕੈਂਟ ਵਿਖੇ ਸ਼ਿਕਾਇਤ ਦਰਜ ਕਰਵਾਈ।ਜਿਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮਾਨਯੋਗ ਐਸਐਸਪੀ ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ ਐਚ ਓ ਮਾਮੂਨ ਕੈਂਟ ਇੰਸਪੈਕਟਰ ਪ੍ਰੀਤੀ ਨੇ ਆਪਣੀਆਂ ਟੀਮਾਂ ਬਣਾ ਕੇ ਅਤੇ ਸੀ ਸੀ ਤੀ ਵੀ ਫੁਟੇਜ ਦੇ ਆਧਾਰ ਤੇ ਇਨਫੋਰਮੇਸ਼ਨ ਮਿਲਣ ਤੋਂ ਲਗਭਗ 1 ਘੰਟੇ ਅੰਦਰ ਬੱਚੇ ਲੱਭ ਕੇ ਮਾਤਾ ਪਿਤਾ ਨੂੰ ਸੋਂਪੇ। ਇਸ ਮੌਕੇ ਐਸ ਐਚ ਓ ਥਾਣਾ ਮਾਮੂਨ ਕੈਂਟ ਇੰਸਪੈਕਟਰ ਪ੍ਰੀਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਬੱਚਿਆ ਨੂੰ ਚੱਕੀ ਖੱਡ ਵਾਲੀ ਸਾਈਡ ਜਾਂਦਿਆ ਵੇਖਿਆ ਅਤੇ ਚੱਕੀ ਖੱਡ ਵਿੱਚ ਨਹਾ ਰਹੇ ਚਾਰੇ ਬੱਚੇ ਤੋਂ ਬਰਾਮਦ ਕਰਕੇ ਮਾਪਿਆ ਨੂੰ ਸੌਂਪ ਦਿੱਤਾ ਹੈ। ਉਹਨਾਂ ਨੇ ਹਿਦਾਇਤ ਕੀਤੀ ਕਿ ਮਾਤਾ ਪਿਤਾ ਆਪਣੇ ਬੱਚਿਆ ਦਾ ਧਿਆਨ ਰੱਖਣ ਜੇਕਰ ਦੇਰ ਹੋ ਜਾਂਦੀ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ।ਆਮ ਨਾਗਰਿਕਾਂ ਨੂੰ ਵੀ ਐਸ ਐਚ ਓ ਥਾਣਾ ਮਾਮੂਨ ਕੈਂਟ ਨੇ ਅਪੀਲ ਕੀਤੀ ਕਿ ਕੋਈ ਵੀ ਨਹਿਰ, ਖੱਡ ਆਦਿ ਵਿੱਚ ਨਹਾਉਣ ਨਾ ਜਾਵੇ।


LIC
भारतीय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਸਫਾ 1 ਦੀ ਬਾਕੀ

# ਮੋਦੀ ਸਰਕਾਰ ਨੇ ਜਨਸੰਖਿਆ ਤਬਦੀਲੀ 'ਤੇ ਇੱਕ ਉੱਚ-ਪੱਧਰੀ ਕਮੇਟੀ...

ਫਤਿਹ ਟਾਈਮਜ਼ ਦੇ ਨਿਰਮਾਤਾ ਵਜੋਂ ਜਾਣੇ ਜਾਂਦੇ ਅਮਿਤ ਸ਼ਾਹ ਨੇ ਸੰਗਠਨਾਤਮਕ ਅਤੇ ਰਣਨੀਤਕ ਯਤਨਾਂ ਰਾਹੀਂ ਇਸਨੂੰ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਇਆ। ਅੱਜ, ਦੇਸ਼ ਦਾ ਆਮ ਨਾਗਰਿਕ ਡੂੰਘਾਈ ਨਾਲ ਮਹਿਸੂਸ ਕਰਦਾ ਹੈ ਕਿ ਭਾਰਤ ਇੱਕ ਨਿਰਣਾਇਕ ਅਤੇ ਸੁਰੱਖਿਅਤ ਪੜਾਅ ਵਿੱਚ ਦਾਖਲ ਹੋ ਗਿਆ ਹੈ। ਸੁਰੱਖਿਆ, ਵਿਕਾਸ, ਸੱਭਿਆਚਾਰਕ ਮਾਣ ਅਤੇ ਮਜ਼ਬੂਤ ਪ੍ਰਸ਼ਾਸਨ ਦੇ ਇਨ੍ਹਾਂ ਮਜ਼ਬੂਤ ਥੰਮ੍ਹਾਂ 'ਤੇ ਬਣਿਆ ਇਹ ਨਵਾਂ ਭਾਰਤ ਹੁਣ ਕਿਸੇ ਅੱਗੇ ਝੁਕਣ ਵਾਲਾ ਨਹੀਂ ਹੈ। ਸ਼ਾਹ ਦੇ ਦ੍ਰਿਸ਼ਟੀਕੋਣ ਅਤੇ ਬੇਦਾਗ਼ ਰਣਨੀਤੀਆਂ, ਜੋ ਅੰਤਯੋਦਯ ਰਾਜਨੀਤੀ ਦਾ ਅਭਿਆਸ ਕਰਦੀਆਂ ਸਨ, ਨੇ ਦੇਸ਼ ਦੀ ਰਾਜਨੀਤਿਕ ਅਤੇ ਸਮਾਜਿਕ ਦਿਸ਼ਾ ਨੂੰ ਹਮੇਸ਼ਾ ਲਈ ਬਦਲ ਦਿੱਤਾ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੁਰੱਖਿਅਤ ਅਤੇ ਖੁਸ਼ਹਾਲ ਕੱਲ੍ਹ ਲਈ ਇੱਕ ਮਜ਼ਬੂਤ ਨੀਂਹ ਰੱਖੀ ਹੈ।

# ਸਬ ਇੰਸਪੈਕਟਰ ਪਵਨ ਕੁਮਾਰ ਡੀ ਜੀ ਪੀ ਡਿਸਕ ਨਾਲ ਸਨਮਾਨਿਤ

ਫਤਿਹ ਟਾਈਮਜ਼

ਅੰਮ੍ਰਿਤਸਰ, 30 ਮਈ (ਪ ਪ) ਸੀਆਈਏ ਸਟਾਫ਼ ਵਨ ਵਿੱਚ ਤੈਨਾਤ ਜਾਂਬਾਜ਼ ਸਬ ਇੰਸਪੈਕਟਰ ਪਵਨ ਕੁਮਾਰ ਦੀਆਂ ਕਰਾਈਮ ਕਰਨ ਵਾਲਿਆਂ ਤੇ ਬਾਜ ਨਿਗਾਹ ਰੱਖ ਕੇ ਬਹੁਤ ਵੱਡੀਆਂ ਹਥਿਆਰਾਂ ਦੀਆਂ ਖੇਪਾਂ ਅਤੇ ਹੀਰੋਇਨ ਦੀ ਸਮਗਲਿੰਗ ਕਰਨ ਵਾਲਿਆਂ ਨੂੰ ਵੀ ਕਾਨੂੰਨੀ ਕਾਰਵਾਈ ਕਰਕੇ ਸਲਾਖਾਂ ਪਿੱਛੇ ਭੇਜਿਆਂ ਅਤੇ ਕਦੀ ਵੀ ਨਸ਼ਾ ਵੇਚਣ ਵਾਲ਼ਿਆਂ ਦੀ ਸਿਫਾਰਸ਼ ਨਹੀਂ ਮੰਨੀ ਚਾਹੇ ਕੋਈ ਵੀ ਲੀਡਰ ਜਾਂ ਅਫ਼ਸਰ ਹੀ ਕਿਉਂ ਨਾ ਹੋਵੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਹੋਰ ਅਫਸਰਾਂ ਦੀ ਮੌਜੂਦਗੀ ਵਿੱਚ ਡੀਜੀਪੀ ਗੌਰਵ ਯਾਦਵ ਨੇ ਸਬ ਇੰਸਪੈਕਟਰ ਪਵਨ ਕੁਮਾਰ ਨੂੰ ਡੀਜੀਪੀ ਡਿਸਕ ਨਾਲ ਸਨਮਾਨਿਤ ਕੀਤਾ ਗਿਆ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਪਵਨ ਕੁਮਾਰ ਨੇਂ ਦਸਿਆ ਕਿ ਇਹ ਸਨਮਾਨ ਮਿਲਿਆ




ਹੈ ਇਸ ਦੇ ਪਿੱਛੇ ਡਿਊਟੀ ਦੌਰਾਨ ਮੈਂ ਆਪਣੇ ਨਾਲ ਜੋ ਆਫਿਸਰ ਸਾਹਿਬਾਨ ਅੱਧੀ ਰਾਤ ਨੂੰ ਛਾਪੇਮਾਰੀ ਕਰਦੇ ਹਾਂ ਜਾਂ ਅਸੀਂ ਨਾਕਿਆਂ ਤੇ ਰੁਕਦੇ ਹਾਂ ਇਸ ਲਈ ਮੈਂ ਉਹਨਾਂ ਸਾਰੇ ਅਫਸਰਾਂ ਦਾ ਵੀ ਦਿਲੋਂ ਧੰਨਵਾਦ ਕਰਦਾ ਜਿਨਾਂ ਨੇ ਮੇਰੇ ਨਾਲ ਡਿਊਟੀ ਕੀਤੀ ਉਹ ਵੀ ਬਰਾਬਰ ਦੇ ਹੱਕਦਾਰ ਨੇ ਇਸ ਡਿਸਕ ਦੇ ਪਰ ਮੈਨੂੰ ਜੋ ਅੱਜ ਸਨਮਾਨ ਮਿਲਿਆ ਹੈ ਇਹ ਮੇਰੇ ਵਾਸਤੇ ਇਕ ਬਹੁਤ ਵੱਡੀ ਮਾਣ ਵਾਲੀ ਗੱਲ ਹੈ ਮੈਂ ਆਪਣੇ ਸਾਰੇ ਹੀ ਅਫਸਰ ਸਾਹਿਬਾਨਾਂ ਨੂੰ ਤੁਹਾਡੇ ਚੈਨਲ ਤੁਹਾਡੇ ਅਖਬਾਰਾਂ ਰਾਹੀਂ ਇੱਕੋ ਬੇਨਤੀ ਕਰਾਂਗਾ ਕਿ ਆਓ ਅਸੀਂ ਪੰਜਾਬ ਦੇ ਅਮਨ ਕਾਨੂੰਨ ਅਤੇ ਸ਼ਾਂਤੀ ਦੇ ਲਈ ਅਤੇ ਪੰਜਾਬ ਦੀ ਜਵਾਨੀ ਨੂੰ ਬਰਕਰਾਰ ਰੱਖਣ ਲਈ ਇੱਕ ਪਲੇਟਫਾਰਮ ਤੇ ਇਹ ਕਸਮ ਖਾਈਏ ਕਿ ਆਪਾਂ ਡਿਊਟੀ ਦੌਰਾਨ ਕੋਈ ਵੀ ਕ੍ਰਾਈਮ ਕਰਨ ਵਾਲਾ ਚਾਹੇ ਉਹ ਲੀਡਰ ਹੋਵੇ ਚਾਹੇ ਓਸਦਾ ਦਾ ਕੋਈ ਨਜ਼ਦੀਕੀ ਹੋਵੇ ਉਸ ਦਾ ਸਾਥ ਬਿਲਕੁਲ ਨਹੀਂ ਦੇਣਾ ਹਰ ਪੁਲਿਸ ਆਫਿਸਰ ਅਗਰ ਨੇਕ ਦਿਲ ਨਾਲ ਮਿਹਨਤ ਨਾਲ ਆਪਣੀ ਡਿਊਟੀ ਕਰੇਗਾ ਤਾਂ ਹਰ ਆਫਿਸਰ ਇਸ ਡੀਜੇਪੀ ਡਿਸਕ ਦਾ ਸਨਮਾਨ ਦਾ ਹੱਕਦਾਰ ਹੋਵੇਗਾ ਸੋ ਮੈਂ ਆਉਣ ਵਾਲੇ ਟਾਈਮ ਦੇ ਵਿੱਚ ਵੀ ਇਹੋ ਕੋਸ਼ਿਸ਼ ਕਰਾਂਗਾ ਕਿ ਜਿੱਥੇ ਜਿੱਥੇ ਵੀ ਮੈਨੂੰ ਖੁਫੀਆ ਰਿਪੋਰਟ ਮਿਲੇਗੀ ਕਿ ਇੱਥੇ ਕ੍ਰਾਈਮ ਹੋ ਰਿਹਾ ਨਸ਼ਾ ਵਿੱਕ ਰਿਹਾ ਜਾਂ ਪੰਜਾਬ ਦੀ ਬਰਬਾਦੀ ਲਈ ਜਾਂ ਦੇਸ਼ ਦੀ ਬਰਬਾਦੀ ਲਈ ਕੋਈ ਖੇਪ ਸਰਦ ਤੋਂ ਪਾਰ ਆ ਰਹੀ ਹੈ ਤਾਂ ਮੈਂ ਆਪਣੀ ਜਾਨ ਦੀ ਪਰਵਾਹ ਵੀ ਨਾ ਕਰਦੇ ਹੋਏ ਆਪਣੇ ਪੰਜਾਬ ਅਤੇ ਦੇਸ਼ ਦੀ ਸੁਰੱਖਿਆ ਲਈ ਇਸੇ ਤਰ੍ਹਾਂ ਦਿਨ ਰਾਤ ਹੋਰ ਸਖਤ ਮਿਹਨਤ ਕਰਾਂਗਾ ਮੇਰੀ ਬਾਜ ਵਾਲੀ ਅੱਖ ਤੋਂ ਕੋਈ ਵੀ ਕਰਾਈਮ ਕਰਨ ਵਾਲਾ ਨਾ ਪਹਿਲੇ ਬਚਿਆ ਸੀ ਤੇ ਨਾ ਆਉਣ ਵਾਲੇ ਟਾਈਮ ਵਿੱਚ ਬਚੇਗਾ

# ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ੍ਰ ਜਸਪਾਲ ਸਿੰਘ ਢੱਡੇ ਤੇ ਹੋਰ ਮੁਲਾਜ਼ਮਾਂ ਨੂੰ ਸੇਵਾ ਮੁਕਤ ਹੋਣ 'ਤੇ ਕੀਤਾ ਸਨਮਾਨਤ

ਫਤਿਹ ਟਾਈਮਜ਼

## ਸੇਵਾਮੁਕਤੀ ਮੌਕੇ ਕੀਤਾ ਸਨਮਾਨਤ



ਅੰਮ੍ਰਿਤਸਰ, 30 ਮਈ (ਸੰਧਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅੱਜ ਸੇਵਾ ਮੁਕਤ ਹੋਏ ਮੀਤ ਸਕੱਤਰ ਸ. ਜਸਪਾਲ ਸਿੰਘ ਢੱਡੇ, ਸੁਪਰਵਾਈਜ਼ਰ ਸ. ਹਰਭਜਨ ਸਿੰਘ, ਸ. ਭੁਪਿੰਦਰ ਸਿੰਘ, ਬੀਬੀ ਗੁਰਪ੍ਰੀਤ ਕੌਰ, ਮੈਨੇਜਰ ਸ. ਰਣਜੀਤ ਸਿੰਘ ਤੇ ਗੁਰਦੁਆਰਾ ਇੰਸਪੈਕਟਰ ਸ. ਬਲਕਾਰ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਸ. ਭਗਵੰਤ ਸਿੰਘ ਸਿਆਲਕਾ, ਸ. ਅਮਰਜੀਤ ਸਿੰਘ ਬੰਡਾਲਾ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ ਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੇਵਾਮੁਕਤ ਹੋਏ ਇਨ੍ਹਾਂ ਮੁਲਾਜ਼ਮਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਨੂੰ ਸਹਿਯੋਗ ਕਰਦੇ ਰਹਿਣਗੇ। ਬੁਲਾਰਿਆਂ ਨੇ ਸੇਵਾ ਮੁਕਤ ਹੋਏ ਇਨ੍ਹਾਂ ਅਧਿਕਾਰੀਆਂ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਚੰਗੇਰੇ ਭਵਿੱਖ ਲਈ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਸ. ਭਗਵੰਤ ਸਿੰਘ ਸਿਆਲਕਾ, ਸ. ਅਮਰਜੀਤ ਸਿੰਘ ਬੰਡਾਲਾ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ. ਜਸਵਿੰਦਰ ਸਿੰਘ ਜੱਸੀ, ਸ. ਭਗਵੰਤ ਸਿੰਘ ਧੰਗੇੜਾ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਮੇਜ਼ਰ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਅਜ਼ਾਦਦੀਪ ਸਿੰਘ, ਸ. ਸਤਨਾਮ ਸਿੰਘ ਰਿਆੜ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਗੁਰਿੰਦਰ ਸਿੰਘ ਦੇਵੀਦਾਸਪੁਰਾ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸਾਬਕਾ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸਾਬਕਾ ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ ਸਮੇਤ ਸੇਵਾ ਮੁਕਤ ਅਧਿਕਾਰੀਆਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963


(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ,
ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ
ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ

ਪੱਤਰਕਾਰਾਂ ਦੀ ਲੋੜ
ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।
ਮੋ:99885-37575

FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL
ਮਿਆਰੀ ਖਬਰਾਂ ਦੇਖਣ ਲਈ ਫਤਿਹ ਟਾਈਮਜ਼ ਚੈਨਲ
fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।
ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

## ਪੰਜਾਬ ਜੰਗਲਾਤ ਵਿਭਾਗ ਨੇ ਜੰਗਲਾਂ ਦੀ ਰੱਖਿਆ ਅਤੇ ਜੰਗਲਾਂ ਦੀ ਅੱਗ ਨੂੰ ਰੋਕਣ ਲਈ ਜਾਗਰੂਕਤਾ ਰੈਲੀ ਦਾ ਕੀਤਾ ਆਯੋਜਨ ਅਤੇ ਸਾਹਿਤ ਵੰਡਿਆ



ਫਤਿਹ ਟਾਈਮਜ਼

ਪਠਾਨਕੋਟ, 30 ਮਈ (ਪਵਨ ਸ਼ਰਮਾਂ) ਪੰਜਾਬ ਜੰਗਲਾਤ ਵਿਭਾਗ ਦੇ ਡੀਐਫਓ, ਆਈਐਫਐਸ, ਅਟਲ ਮਹਾਜਨ ਦੇ ਨਿਰਦੇਸ਼ਾਂ ਅਨੁਸਾਰ, ਜੰਗਲਾਂ ਦੀ ਰੱਖਿਆ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਅੱਜ ਸੁਕਰੇਤ ਪਿੰਡ ਵਿੱਚ ਰੇਂਜ ਅਫ਼ਸਰ ਬਖਸ਼ੀਸ਼ ਸਿੰਘ, ਬਲਾਕ ਅਫ਼ਸਰ ਸ਼ਿੰਗਾਰਾ ਸਿੰਘ, ਬਲਾਕ ਅਫ਼ਸਰ ਸੰਦੀਪ ਸਿੰਘ ਅਤੇ ਹੋਰਾਂ ਦੀ ਨਿਗਰਾਨੀ ਹੇਠ ਇੱਕ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਨੇ ਪਿੰਡ ਵਾਸੀਆਂ ਅਤੇ ਵਿਭਾਗ ਦੇ ਕਰਮਚਾਰੀਆਂ ਦੇ ਨਾਲ ਹਿੱਸਾ ਲਿਆ। ਰੈਲੀ ਸੁਕਰੇਤ ਪਿੰਡ ਤੋਂ ਸ਼ੁਰੂ ਹੋਈ ਅਤੇ ਧਾਰ ਕਲਾਂ ਦਫ਼ਤਰ ਪਹੁੰਚਣ ਤੋਂ ਪਹਿਲਾਂ ਕਈ ਪਿੰਡਾਂ ਵਿੱਚੋਂ ਲੰਘੀ। ਜਾਗਰੂਕਤਾ ਰੈਲੀ ਅਤੇ ਆਊਟਰੀਚ ਪ੍ਰੋਗਰਾਮ ਦੌਰਾਨ, ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਬਚਣ ਲਈ ਆਕਸੀਜਨ ਦੀ ਲੋੜ ਹੈ, ਜੋ ਕਿ ਸਿਰਫ਼ ਰੁੱਖਾਂ ਤੋਂ ਹੀ ਮਿਲਦੀ ਹੈ। ਸਾਨੂੰ ਰੁੱਖਾਂ ਅਤੇ ਜੰਗਲਾਂ ਦੀ ਰੱਖਿਆ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਅੱਗ ਦਾ ਮੌਸਮ ਚੱਲ ਰਿਹਾ ਹੈ, ਅਤੇ ਜੰਗਲਾਂ ਦੀ ਅੱਗ ਕਾਫ਼ੀ ਨੁਕਸਾਨ ਪਹੁੰਚਾਉਂਦੀ ਹੈ। ਇਹ ਨਾ ਸਿਰਫ਼ ਰੁੱਖਾਂ ਨੂੰ, ਸਗੋਂ ਜੰਗਲੀ ਜੀਵਾਂ ਅਤੇ ਵਾਤਾਵਰਣ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿੱਥੇ ਸਾਨੂੰ ਰੁੱਖਾਂ ਦੀ ਰੱਖਿਆ ਲਈ ਯਤਨ ਤੇਜ਼ ਕਰਨ ਦੀ ਲੋੜ ਹੈ, ਉੱਥੇ ਸਾਨੂੰ ਜੰਗਲੀ ਜੀਵਾਂ ਦੀ ਰੱਖਿਆ ਲਈ ਵੀ ਠੋਸ ਕਦਮ ਚੁੱਕਣੇ ਚਾਹੀਦੇ ਹਨ। ਜਾਗਰੂਕਤਾ ਪੈਦਾ ਕਰਨ ਲਈ ਰੈਲੀ ਦੌਰਾਨ ਰੂਟ 'ਤੇ ਜੰਗਲਾਤ ਵਿਭਾਗ ਨੇ ਜਾਗਰੂਕਤਾ ਸਾਹਿਤ ਵੰਡਿਆ। ਇਸ ਮੌਕੇ ਡੀਐਫਓ ਅਟਲ ਮਹਾਜਨ, ਆਈਐਫਐਸ, ਰੇਂਜ ਅਫ਼ਸਰ ਬਖਸ਼ੀਸ਼ ਸਿੰਘ, ਬਲਾਕ ਅਫ਼ਸਰ ਸੰਦੀਪ ਸਿੰਘ, ਬਲਾਕ ਅਫ਼ਸਰ ਸ਼ਿੰਗਾਰਾ ਰਾਮ ਬੈਂਸ, ਵਣ ਗਾਰਡ ਨਿਤਿਨ ਕੁਮਾਰ, ਮਨਦੀਪ ਸਿੰਘ, ਸ਼ੁਭਮ ਅਤੇ ਹੋਰ ਇਲਾਕਾ ਨਿਵਾਸੀ ਹਾਜ਼ਰ ਸਨ।

## ਨੈਕਸਸ ਅੰਮ੍ਰਿਤਸਰ ਵੱਲੋਂ 'ਸਨੀਕਰ ਐਂਡ ਡੈਨਿਮ ਫੈਸਟ' ਦੀ ਸ਼ੁਰੂਆਤ, ਡੈਨਿਮ ਰਿਵਾਈਵਲ ਵਰਕਸ਼ਾਪ ਰਾਹੀਂ ਨੌਜਵਾਨਾਂ ਨੂੰ ਮਿਲੇਗਾ ਰਚਨਾਤਮਕ ਮੰਚ

ਫਤਿਹ ਟਾਈਮਜ਼



ਅੰਮ੍ਰਿਤਸਰ, 30 ਮਈ (ਪ ਪ) ਗਰਮੀਆਂ ਦੀਆਂ ਛੁੱਟੀਆਂ ਦੌਰਾਨ ਰਚਨਾਤਮਕਤਾ ਅਤੇ ਫੈਸ਼ਨ ਦਾ ਅਨੋਖਾ ਮੇਲ ਲੈ ਕੇ ਨੈਕਸਸ ਅੰਮ੍ਰਿਤਸਰ ਇੱਕ ਵਾਰ ਫਿਰ 'ਡੈਨਿਮ ਐਂਡ ਸਨੀਕਰ ਫੈਸਟ' ਦਾ ਆਯੋਜਨ ਕਰ ਰਿਹਾ ਹੈ। ਸ਼ਹਿਰ ਦੇ ਪ੍ਰਮੁੱਖ ਲਾਈਫਸਟਾਈਲ ਡੈਸਟਿਨੇਸ਼ਨਾਂ ਵਿੱਚੋਂ ਇੱਕ ਨੈਕਸਸ ਅੰਮ੍ਰਿਤਸਰ ਵੱਲੋਂ ਕਰਵਾਇਆ ਜਾ ਰਿਹਾ ਇਹ ਤਿੰਨ ਦਿਨਾਂ ਦਾ ਫੈਸਟ 29 ਮਈ ਤੋਂ 31 ਮਈ ਤੱਕ ਚੱਲੇਗਾ। ਇਸ ਸਮਾਗਮ ਵਿੱਚ ਫੈਸ਼ਨ, ਸਸਟੇਨੇਬਿਲਿਟੀ ਅਤੇ ਕ੍ਰੀਏਟਿਵਿਟੀ ਦਾ ਖਾਸ ਮੇਲ ਵੇਖਣ ਨੂੰ ਮਿਲੇਗਾ।

ਇੰਟਰਨੈਸ਼ਨਲ ਸਕੂਲ ਆਫ ਫੈਸ਼ਨ ਐਂਡ ਡਿਜ਼ਾਇਨ (ਆਈਐਨਆਈਐਫਡੀ), ਅੰਮ੍ਰਿਤਸਰ ਦੇ ਸਹਿਯੋਗ ਨਾਲ ਹੋ ਰਹੇ ਇਸ ਫੈਸਟ ਵਿੱਚ ਪੁਰਾਣੇ ਡੈਨਿਮ ਨੂੰ ਨਵੀਂ ਅਤੇ ਆਕਰਸ਼ਕ ਕਲਾ ਅਤੇ ਫੈਸ਼ਨ ਡਿਜ਼ਾਈਨਾਂ ਵਿੱਚ ਬਦਲਣ ਦੀ ਵਿਲੱਖਣ ਪਹਿਲ ਕੀਤੀ ਜਾਵੇਗੀ। ਆਈਐਨਆਈਐਫਡੀ ਅੰਮ੍ਰਿਤਸਰ ਦੇ ਵਿਦਿਆਰਥੀ ਪੁਰਾਣੇ ਡੈਨਿਮ ਤੋਂ ਨਵੇਂ ਫੈਸ਼ਨ ਪੀਸ ਅਤੇ ਆਰਟ ਇੰਸਟਾਲੇਸ਼ਨ ਤਿਆਰ ਕਰਨਗੇ, ਜੋ ਉਨ੍ਹਾਂ ਦੀ ਰਚਨਾਤਮਕ ਸੋਚ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਦਰਸਾਉਣਗੇ'ਡੈਨਿਮ ਰਿਵਾਈਵਲ ਫੈਸਟ' ਰਾਹੀਂ ਨੈਕਸਸ ਅੰਮ੍ਰਿਤਸਰ ਨੌਜਵਾਨ ਪ੍ਰਤਿਭਾਵਾਂ ਨੂੰ ਆਪਣੀ ਕਲਾ, ਡਿਜ਼ਾਇਨ ਅਤੇ ਕ੍ਰਾਫਟਮੈਨਸ਼ਿਪ ਦਿਖਾਉਣ ਲਈ ਵਿਸ਼ੇਸ਼ ਮੰਚ ਪ੍ਰਦਾਨ ਕਰ ਰਿਹਾ ਹੈ। ਫੈਸਟ ਵਿੱਚ ਅਪਸਾਈਕਲਡ ਡੈਨਿਮ ਨਾਲ ਤਿਆਰ ਕੀਤੇ ਆਕਰਸ਼ਕ ਡਿਜ਼ਾਇਨ, ਕਲਾਤਮਕ ਪ੍ਰਦਰਸ਼ਨੀਆਂ ਅਤੇ ਨਵੇਂ ਯੁੱਗ ਦੀਆਂ ਫੈਸ਼ਨ ਕ੍ਰੀਏਸ਼ਨਜ਼ ਲੋਕਾਂ ਦਾ ਧਿਆਨ ਖਿੱਚਣਗੀਆਂਇਹ ਸਮਾਗਮ ਫੈਸ਼ਨ ਪ੍ਰੇਮੀਆਂ, ਕਲਾ ਦੇ ਸ਼ੌਕੀਨਾਂ ਅਤੇ ਸਸਟੇਨੇਬਲ ਲਾਈਫਸਟਾਈਲ ਨੂੰ ਅਪਣਾਉਣ ਵਾਲੇ ਲੋਕਾਂ ਲਈ ਖਾਸ ਤਜਰਬਾ ਸਾਬਤ ਹੋਵੇਗਾ। ਛੁੱਟੀਆਂ ਦੇ ਇਸ ਮੌਸਮ ਵਿੱਚ ਸ਼ਾਪਿੰਗ ਅਤੇ ਮਨੋਰੰਜਨ ਦੇ ਨਾਲ ਲੋਕਾਂ ਨੂੰ ਕੁਝ ਨਵਾਂ ਅਤੇ ਪ੍ਰੇਰਣਾਦਾਇਕ ਦੇਖਣ ਦਾ ਮੌਕਾ ਮਿਲੇਗਾਫੈਸਟ ਦੌਰਾਨ ਨੈਕਸਸ ਅੰਮ੍ਰਿਤਸਰ ਦਾ ਮਾਹੌਲ ਰਚਨਾਤਮਕਤਾ, ਉਰਜਾ ਅਤੇ ਇੰਟਰਐਕਟਿਵ ਐਕਟੀਵਿਟੀਆਂ ਨਾਲ ਭਰਪੂਰ ਰਹੇਗਾ, ਜਿੱਥੇ ਹਰ ਕੋਨਾ ਸੈਲਫ-ਐਕਸਪ੍ਰੈਸ਼ਨ, ਸਸਟੇਨੇਬਲ ਫੈਸ਼ਨ ਅਤੇ ਕਲਾਤਮਕ ਨਵੀਨਤਾ ਦੀ ਝਲਕ ਪੇਸ਼ ਕਰੇਗਾਨੈਕਸਸ ਅੰਮ੍ਰਿਤਸਰ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ 29 ਤੋਂ 31 ਮਈ ਤੱਕ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਇਸ ਖਾਸ ਸਮਾਗਮ ਦਾ ਹਿੱਸਾ ਬਣਨ ਅਤੇ ਡੈਨਿਮ, ਡਿਜ਼ਾਇਨ ਅਤੇ ਸਸਟੇਨੇਬਿਲਿਟੀ ਦੇ ਇਸ ਵਿਲੱਖਣ ਉਤਸਵ ਦਾ ਆਨੰਦ ਮਾਣਨ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਲਾਇਬ੍ਰੇਰੀਆਂ ਦੀ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਭੂਮਿਕਾ

ਫਤਿਹ ਟਾਈਮਜ਼



(ਲੜੀਵਾਰ ਲੇਖ ਕਿਸ਼ਤ 3)

ਰੋਬੋਟਿਕਸ, ਕਲਾ ਅਤੇ ਲਿਖਾਈ ਵਰਗੇ ਵਿਸ਼ਿਆਂ 'ਤੇ ਵਰਕਸ਼ਾਪਾਂ ਆਮ ਤੌਰ 'ਤੇ ਲਾਇਬ੍ਰੇਰੀਆਂ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਹਨ ਜੋ ਵਿਦਿਆਰਥੀਆਂ ਨੂੰ ਰਚਨਾਤਮਕ ਤੌਰ 'ਤੇ ਆਪਣੇ ਆਪ ਨੂੰ ਪ੍ਰਗਟ ਕਰਨ ਦੇ ਮੌਕੇ ਦਿੰਦੀਆਂ ਹਨ ਜਦੋਂ ਕਿ ਉਹ ਆਪਣੀਆਂ ਸੰਵੇਦਨਸ਼ੀਲ ਸੋਚ ਦੀਆਂ ਯੋਗਤਾਵਾਂ ਨੂੰ ਵੀ ਤੇਜ਼ ਕਰਦੇ ਹਨ। ਹੱਥੋਂ-ਹੱਥ ਪ੍ਰੋਜੈਕਟਾਂ ਅਤੇ ਸਹਿਯੋਗੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਕੇ ਵਿਦਿਆਰਥੀ ਚੁਣੌਤੀਆਂ ਦਾ ਸਾਹਮਣਾ ਖੁੱਲੇ ਮਨ ਅਤੇ ਪ੍ਰਯੋਗ ਕਰਨ ਦੀ ਇੱਛਾ ਨਾਲ ਕਰਨ ਦਾ ਸਿਖਦੇ ਹਨ।

ਅਕਾਦਮਿਕ ਕਾਰਜਾਂ ਤੋਂ ਬਿਨਾ ਲਾਇਬ੍ਰੇਰੀਆਂ ਸਮਾਜਿਕ ਹੁਨਰਾਂ ਅਤੇ ਸਮਾਜਿਕ ਭਾਗੀਦਾਰੀ ਨੂੰ ਨਿਖਾਰਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਇਹ ਸੁਰੱਖਿਅਤ ਥਾਵਾਂ ਵਜੋਂ ਕੰਮ ਕਰਦੀਆਂ ਹਨ ਜਿੱਥੇ ਵਿਦਿਆਰਥੀ ਇਕੱਠੇ ਹੋ ਸਕਦੇ ਹਨ, ਸਮੂਹ ਪ੍ਰੋਜੈਕਟਾਂ 'ਤੇ ਸਹਿਯੋਗ ਕਰ ਸਕਦੇ ਹਨ ਜਾਂ ਸਿਰਫ ਆਪਣੇ ਸਾਥੀਆਂ ਨਾਲ ਗੱਲਬਾਤ ਕਰ ਸਕਦੇ ਹਨ। ਇਹ ਪਰਸਪਰ ਗੱਲਬਾਤ ਟੀਮਵਰਕ, ਸੰਚਾਰ ਦੇ ਹੁਨਰਾਂ ਅਤੇ ਸਹਿਯੋਗ ਕਰਨ ਦੀ ਭਾਵਨਾ ਨੂੰ ਹੁੰਦੀਆਂ ਹਨ । ਇਹ ਉਹ ਗੁਣ ਹਨ ਜੋ ਨਿੱਜੀ ਅਤੇ ਪੇਸ਼ਾਵਰ ਸਫਲਤਾ ਲਈ ਜ਼ਰੂਰੀ ਹੁੰਦੇ ਹਨ। (ਚਲਦਾ)

ਲਾਇਬ੍ਰੇਰੀਆਂ ਅਕਸਰ ਸਮਾਜਿਕ ਇਵੈਂਟਾਂ ਵੀ ਆਯੋਜਿਤ ਕਰਦੀਆਂ ਹਨ, ਜਿਵੇਂ ਕਿ ਮਾਪਿਆਂ ਲਈ ਵਰਕਸ਼ਾਪਾਂ, ਸਭਿਆਚਾਰਕ ਮੇਲੇ, ਅਤੇ ਵੋਲੰਟੀਅਰ ਮੌਕੇ। ਇਹ ਪਹਿਲਕਦਮ ਵਿਦਿਆਰਥੀਆਂ ਨੂੰ ਆਪਣੇ ਸਮਾਜਾਂ ਨਾਲ ਸਰਗਰਮੀ ਨਾਲ ਜੁੜਨ ਲਈ ਉਤਸ਼ਾਹਿਤ ਕਰਦੀਆਂ ਹਨ ਅਤੇ ਨਾਗਰਿਕ ਜ਼ਿੰਮੇਵਾਰੀ ਦੇ ਮਹੱਤਵ ਨੂੰ ਸਮਝਾਉਂਦੀਆਂ ਹਨ।

ਵਿੱਦਿਅਕ ਤੇ ਤਕਨੀਕੀ ਸਿੱਖਿਆ ਡਿਜ਼ੀਟਲ ਯੁੱਗ ਵਿੱਚ ਬਹੁਤ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ। ਇਸ ਚੱਲਣ ਦੌਰਾਨ ਲਾਇਬ੍ਰੇਰੀਆਂ ਨੂੰ ਆਪਣੀ ਭੂਮਿਕਾ ਨੂੰ ਨਿਖਾਰਨਾ ਚਾਹੀਦਾ ਹੈ ਫ਼ੇਰ ਹੀ ਉਹ ਵਿਦਿਆਰਥੀਆਂ ਦੇ ਵਿਕਾਸ ਲਈ ਆਪਣੀ ਬੰਨੀ ਹੋਈ ਵਚਨਬੱਧਤਾ ਨੂੰ ਕਾਇਮ ਰੱਖਣਗੀਆਂ। ਨਵੀਨਤਮ ਤਕਨੀਕਾਂ ਅਤੇ ਨਵੀਨਤਮ ਅਭਿਆਸਾਂ ਨੂੰ ਅਪਨਾਉਂਦੇ ਹੋਏ, ਲਾਇਬ੍ਰੇਰੀਆਂ ਵਿਦਿਆਰਥੀਆਂ ਲਈ ਗਿਆਨ, ਰਚਨਾਤਮਕਤਾ ਅਤੇ ਸਮਾਜਿਕ ਸਹਿਯੋਗ ਦੇ ਮੂੱਲ ਵਾਲੇ ਸਰੋਤ ਬਣ ਸਕਦੀਆਂ ਹਨ । (ਸਮਾਪਤ)



ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# 21ਵੀਂ ਸਦੀ ਦਾ ਸਮਰੱਥ ਗਵੱਈਆ : ਸਿੱਧੂ ਮੂਸੇ ਵਾਲਾ

ਫਤਿਹ ਟਾਈਮਜ਼



(ਲੜੀਵਾਰ ਲੇਖ ਕਿਸ਼ਤ 2)

ਟੂਪਾਕ ਦੇ ਗਾਣਿਆਂ ਤੋਂ ਪ੍ਰਭਾਵਿਤ ਹੋਣ ਵਾਲੇ ਸਿੱਧੂ ਮੂਸੇ ਵਾਲੇ ਨੇ ਉਸ ਦੇ ਸੰਗੀਤਕ ਧੁੰਨ ਨੂੰ ਆਪਣੀ ਗਾਇਕੀ ਵਿੱਚ ਸ਼ਾਮਲ ਕਰਕੇ ਉੱਚ ਪੱਧਰੀ ਨਾਮਣਾ ਖੱਟਿਆ। ਪਹਿਲਾਂ ਪਹਿਲ ਸਿੱਧੂ ਨੇ ਬਤੌਰ ਗੀਤਕਾਰ ਵਜੋਂ ਇਸ ਖੇਤਰ ਵਿੱਚ ਆਇਆ। ਜਿਸਦਾ ਲਿਖਿਆ ਪਹਿਲਾ ਗੀਤ "ਲਾਇਸੈਂਸ" ਪੰਜਾਬੀ ਗਾਇਕ ਨਿੰਜੇ ਨੇ ਰਿਕਾਰਡ ਕਰਵਾਇਆ ਜੋ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਹੋਇਆ ਇੱਕ ਨਵੇਂ ਗੀਤਕਾਰ ਸਿੱਧੂ ਮੂਸੇ ਵਾਲੇ ਦੇ ਨਾਂ ਦੀ ਪਹਿਚਾਣ ਕਰਵਾ ਗਿਆ। ਉਸ ਤੋਂ ਬਾਅਦ ਸਿੱਧੂ ਨੇ "ਜੱਟ ਉਸ ਪਿੰਡ ਨੂੰ ਬਲੌਂਗ ਕਰਦਾ" ਤੇ "ਉੱਚੀਆਂ ਨੇ ਗੱਲਾਂ ਤੇਰੇ ਯਾਰ ਦੀਆਂ" ਵਰਗੇ ਸੁਪਰ ਡੁਪਰ ਹਿੱਟ ਗੀਤਾਂ ਨਾਲ ਬਤੌਰ ਗਾਇਕੀ ਵਿੱਚ ਪ੍ਰਵੇਸ਼ ਕੀਤਾ ਜਿਸ ਨੂੰ ਸਰੋਤਿਆਂ ਨੇ ਖਿੜੇ ਮਿੱਥੇ ਪ੍ਰਵਾਨ ਕਰਕੇ ਪ੍ਰਚਾਲਿਤ ਗਾਇਕੀ ਤੋਂ ਹੱਟ ਕੇ ਉਸਦੀ ਪ੍ਰਭਿਤਾ ਨੂੰ ਕਬੂਲਿਆ । ਸਿੱਧੂ ਨੇ ਸਰੋਤਿਆਂ ਦੀ ਨਬਜ਼ ਪਛਾਣਦਿਆਂ ਸੰਗੀਤ ਵਿੱਚ ਆਪਣੀ ਵਿਲੱਖਣ ਸ਼ੈਲੀ ਦਾ ਰੰਗ ਭਰਕੇ ਗਾਇਕੀ ਨੂੰ ਇੱਕ ਨਵੀਂ ਦਿਸ਼ਾ ਵੱਲ ਤੋਰਿਆ। ਸਿੱਧੂ ਦੀ ਕਲਮ ਚੋਂ ਉਪਜਣ ਵਾਲਾ ਹਰ ਇੱਕ ਗੀਤ ਜਿੱਥੇ ਮਕਬੂਲਤਾ ਨੂੰ ਹਾਸਲ ਕਰਨ ਲੱਗਾ ਉੱਥੇ ਹੀ ਉਹ ਸਮਾਜਿਕ ਚਣੌਤੀਆਂ ਨੂੰ ਜਨਮ ਦਿੰਦਾ ਹੋਇਆ ਵਿਵਾਦਿਤ ਘੇਰਿਆਂ ਚ ਘਿਰਨ ਲੱਗਾ। ਹੰਬਲ ਸੁਭਾਅ ਵਾਲਾ ਸਿੱਧੂ ਨਿਰਵਿਘਨ ਬੇਖੌਫ਼ ਹੋ ਆਪਣੇ ਗਾਣਿਆਂ ਦੀ ਸਿਰਜਣਾ ਕਰਦਾ ਗਿਆ। ਉਹ ਆਪਣੇ ਗੀਤਾਂ ਦੇ ਜ਼ਰੀਏ ਦੁਨੀਆ ਦੇ ਦੋਗਲੇ ਚਿਹਰਿਆਂ ਨੂੰ ਨੰਗਾ ਕਰਦਾ ਹੋਇਆ ਆਪਣੀ ਜੀਵਨ ਗਾਥਾ ਬਿਆਨਦਾ ਗਿਆ। ਪਿੰਡ ਦੀ ਭੋਂ ਤੋਂ ਜਨਮਿਆਂ ਸਿੱਧੂ ਦਾ ਗੀਤ ਸੰਗੀਤ ਦੇ ਬੁਰਜ਼ ਖ਼ਲੀਫ਼ੇ ਮੰਨੇ ਜਾਣ ਵਾਲੇ ਬਿਲਬੋਰਡ ਨੂੰ ਜਾ ਛੂਹਦਾ। ਸਿੱਧੂ ਆਪਣੀ ਕਲਮ ਅਤੇ ਅਵਾਜ਼ ਦੇ ਨਾਲ ਆਪਣੇ ਨਾਂ ਦੀ ਸਲਤਨਤ ਕਾਇਮ ਕਰਦਾ ਹੋਇਆ ਸੰਗੀਤਕ ਸਿੰਘਾਸਨ ਤੇ ਬਹਿ ਗਾਇਕੀ ਵਿੱਚ ਰਾਜ ਕਰਨ ਲੱਗਾ। ਦੇਸ਼ ਵਿਦੇਸ਼ ਵਿੱਚ ਬੈਠੇ ਸਭ ਗੋਰੇ-ਕਾਲੇ ਲੋਕ ਉਸ ਦੀ ਆਵਾਜ਼ ਦੇ ਦੀਵਾਨੇ ਹੋ ਤੁਰੇ। ਸਿੱਧੂ ਜਿੱਥੇ ਪੈਰ ਜਾ ਧਰਦਾ ਜਾਂ ਉਸ ਬਾਰੇ ਬੋਲਦਾ ਤਾਂ ਉਹ ਬਹੁਮੁੱਲੀ ਹੋ ਆਪਣੀ ਪ੍ਰਸਿੱਧੀ ਹਾਸਿਲ ਕਰ ਲੈਂਦੀ।ਜੋ ਵੀ ਸਿੱਧੂ ਦੇ ਸਪਰਸ਼ ਵਿੱਚ ਆਇਆ ਉਹ ਆਪਣੀ ਗੁਣਵੱਤਾ ਨੂੰ ਦਰਸਾਉਂਦੀ।ਜੇ ਸਿੱਧੂ ਨੂੰ ਅਸੀਂ ਪੰਜਾਬੀ ਗਾਇਕੀ ਦਾ ਪਾਰਸ ਕਹਿ ਦੇਈਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਸਿੱਧੂ ਨੇ ਜਿਸ ਗੀਤ (ਚਲਦਾ)



ਲੇਖਕ:
ਸਰੂਪ ਸਿੰਘ,
ਚੌਧਰੀ ਮਾਜਰਾ (ਨਾਭਾ)
ਮੋ: 99886-27880

# ਰਾਜੇਸ਼ ਕੁਮਾਰ ਡੈਨੀ ਕਾਂਗਰਸ ਪਾਰਟੀ ਦੇ ਜਿਲ੍ਹਾ ਵਾਇਸ ਪ੍ਰਧਾਨ ਨਿਯੁਕਤ



ਅੰਮ੍ਰਿਤਸਰ, 30 ਮਈ (ਪ ਪ) ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੌਰਵ ਮਿੱਠੂ ਮਦਾਨ ਜੀ ਨੇ ਰਾਜੇਸ਼ ਕੁਮਾਰ ਡੈਨੀ ਦੀ ਮਿਹਨਤ ਅਤੇ 30-35 ਸਾਲ ਦੇ ਕੈਰੀਅਰ ਨੂੰ ਮੁੱਖ ਰੱਖਦੇ ਹੋਏ ਕਾਂਗਰਸ ਕਮੇਟੀ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਹੈ ਇਸ ਮੌਕੇ ਰਾਜੇਸ਼ ਕੁਮਾਰ ਡੈਨੀ ਵਲੋ ਪਾਰਟੀ ਹਾਈ ਕਮਾਨ ਦਾ ਧੰਨਵਾਦ ਕੀਤਾ ਅਤੇ ਉੱਥੇ ਹੀ ਸੌਰਵ ਮਿੱਠੂ ਮਦਾਨ ਜਿਲ੍ਹਾ ਪ੍ਰਧਾਨ ਦਾ ਵੀ ਧੰਨਵਾਦ ਕੀਤਾ ਜਿਨਾਂ ਨੇ ਮੇਰੇ ਤੇ ਵਿਸ਼ਵਾਸ ਜਿਤਾਇਆ ਹੈ ਮੈਂ ਉਹਨਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਕਾਂਗਰਸ ਪਾਰਟੀ ਦੇ ਪ੍ਰਤੀ ਇਮਾਨਦਾਰੀ ਨੂੰ ਮੁੱਖ ਰੱਖਦੇ ਹੋਏ ਪਾਰਟੀ ਦੀ ਚੜਦੀ ਕਲਾ ਲਈ ਆਉਣ ਵਾਲੇ 2027 ਦੇ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਜਿਲਾ ਅੰਮ੍ਰਿਤਸਰ ਵਿੱਚ ਅਹਿਮ ਰੋਲ ਨਿਭਾਵਾਂਗਾ ਇਸ ਮੌਕੇ ਰਾਜੇਸ਼ ਕੁਮਾਰ ਡੈਨੀ ਵਲੋ ਪਾਰਟੀ ਹਾਈ ਕਮਾਨ ਨੂੰ ਇੱਕ ਬੇਨਤੀ ਕੀਤੀ ਕਿ ਆਉਣ ਵਾਲੇ 2027 ਦੇ ਵਿੱਚ ਜਿਲੇ ਅੰਮ੍ਰਿਤਸਰ ਦੇ ਵਿੱਚ ਪੰਜ ਐਮਐਲਏ ਦੀ ਹਲਕਿਆਂ ਵਿੱਚ ਜਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਧਾਨ ਦਾ ਸਹਿਯੋਗ ਲੈਣਾ ਹੈ ਅਤੇ ਜਿਲਾ ਅੰਮ੍ਰਿਤਸਰ ਦੇ ਵਿੱਚ 85 ਵਾਰਡਾਂ ਦੇ ਵਿੱਚ ਜਿਹੜੇ ਜਿਹੜੇ ਕਾਂਗਰਸ ਪਾਰਟੀ ਦੇ ਅਹੁਦੇਦਾਰ ਆਗੂ ਕਾਂਗਰਸ ਪਾਰਟੀ ਦੀ ਟਿਕਟ ਤੋਂ ਚੋਣ ਲੜੇ ਸੀ ਕੌਂਸਲਰ ਦੀ ਜਿਹੜੇ ਜਿੱਤੇ ਨੇ ਜਾਂ ਜਿਹੜੇ ਕਿਸੇ ਕਾਰਨ ਹਾਰ ਗਏ ਨੇ ਉਹਨਾਂ ਤੋਂ ਵੀ ਜਾਣਕਾਰੀ ਲੈ ਕੇ ਹਰ ਆਉਣ ਵਾਲੇ ਵਿਧਾਨ ਸਭਾ ਦੇ ਹਲਕਿਆਂ ਵਿੱਚ ਐਮਐਲਏ ਦੀ ਟਿਕਟ ਉਹਨਾਂ ਨੂੰ ਹੀ ਦੇਣਾ ਜਿਨਾਂ ਨੂੰ ਕਾਂਗਰਸ ਪਾਰਟੀ ਦੇ ਆਗੂ ਤੇ ਪ੍ਰਧਾਨ ਆਪਣਾ ਸਮਰਥਨ ਕਰਨਗੇ।

# 18 ਮਈ ਤੋਂ 31 ਤੱਕ 'ਲੋਕਾਂ ਕੋਲ ਚੱਲੋਂ ਮੁਹਿੰਮ' ਤਹਿਤ ਅੱਜ ਪਿੰਡ ਭਨਵਾਲ ਵਿਖੇ ਲੋਕਾਂ ਨੂੰ ਕੀਤਾ ਜਾਗਰੂਕ: ਕਾਮਰੇਡ ਬਲਵੰਤ ਸਿੰਘ ਘੋਹ




ਪਠਾਨਕੋਟ/ਸੁਜਾਨਪੁਰ, 30 ਮਈ (ਪਵਨ ਸ਼ਰਮਾਂ) ਪੈਟਰੋਲ ਡੀਜਲ ਗੈਸ ਦੀਆਂ ਵਧੀਆਂ ਕੀਮਤਾਂ ਤੇ ਪੈਦਾ ਹੋ ਰਹੀ ਦਿੱਕਤ ਦੇ ਖਿਲਾਫ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵਲੋਂ ਜਾਗਰੂਕ ਕਰਨ ਆਉਣ ਵਾਲੇ ਸਮੇਂ ਵਿੱਚ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਹੋਰ ਵੱਧਣ ਵਿਰੁੱਧ ਜਨਤਕ ਅੰਦੋਲਨ ਛੇੜਨ ਲਈ ਪਾਰਟੀ ਦੇ ਉਲੀਕੇ ਪ੍ਰੋਗਰਾਮ ਅਨੁਸਾਰ 18 ਮਈ ਤੋਂ 31 ਤੱਕ 'ਲੋਕਾਂ ਕੋਲ ਚੱਲੋਂ ਮੁਹਿੰਮ' ਤਹਿਤ ਅੱਜ ਪਿੰਡ ਭਨਵਾਲ ਵਿਖੇ ਕਾਮਰੇਡ ਲਾਲ ਸਿੰਘ ਦੀ ਅਗਵਾਈ ਹੇਠ ਪਬਲਿਕ ਮੀਟਿੰਗ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਵਿਚਾਰਧਾਰਕ ਹਮਲਿਆਂ ਤੋਂ ਜਾਣੂ ਕਰਾਇਆ। ਆਰ ਐਮ ਪੀ ਆਈ ਦੇ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਅਤੇ ਨਰਿੰਜਣ ਸਿੰਘ ਢਡਵਾਲ ਨੇ ਸਾਂਝੇ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਲੋਕਾਂ ਵੱਲੋਂ ਮਿਲਦੇ ਸਹਿਯੋਗ ਨੂੰ ਦੇਖਦਿਆਂ ਪਾਰਟੀ ਵੱਲੋਂ ਮਹਿੰਗਾਈ ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਵਿਰੁੱਧ "ਲੋਕਾਂ ਕੋਲ ਚੱਲੋ" ਅਰੰਭੀ ਮੁਹਿੰਮ ਪਠਾਨਕੋਟ ਜ਼ਿਲੇ ਅੰਦਰ ਇੱਕ ਹਫਤਾ ਹੋਰ ਜਾਰੀ ਰੱਖੀ ਜਾਵੇਗੀ ਤਾਂ ਕਿ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਿਆ ਜਾਵੇ। ਕਾਮਰੇਡ ਬਲਵੰਤ ਨੇ ਅੱਗੇ ਦੱਸਿਆ ਕਿ ਜਿਵੇਂ ਜਿਵੇਂ ਝੋਨੇ ਦੀ ਬਿਜਾਈ ਦੇ ਦਿਨ ਨੇੜੇ ਆ ਰਹੇ ਡੀਜਲ ਤੇ ਖਾਦ ਦਾ ਸੰਕਟ ਵੱਧਣਾ ਸ਼ੁਰੂ ਹੋ ਗਿਆ ਹੈ। ਭਾਜਪਾ ਦੀ ਡਬਲ ਇੰਜਨ ਸਰਕਾਰ ਵਾਲੇ ਦੋ ਵੱਡੇ ਰਾਜ ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿੱਚ ਕਿਸਾਨਾਂ ਨੂੰ ਮੰਗ ਮੁਤਾਬਕ ਡੀਜਲ ਨਹੀਂ ਮਿਲ ਰਿਹਾ ਇਸ ਤੋਂ ਆਉਣ ਵਾਲੇ ਸਮੇਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਰਹੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਸਿਖਿਆ ਤੇ ਸਿਹਤ ਕ੍ਰਾਂਤੀ ਨੇ ਆਮ ਲੋਕਾਂ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ, ਪੰਜਾਬ ਅੰਦਰ ਯੁੱਧ ਨਸ਼ਿਆ ਵਿਰੁੱਧ ਤੇ ਮਾਈਨਿੰਗ ਮਾਫੀਆ ਖਤਮ ਸਿਰਫ ਕਾਗਜਾਂ ਵਿੱਚ ਹੀ ਰਹਿ ਗਏ ਹਨ। ਇਹਨਾਂ ਮੁਸ਼ਕਲਾਂ ਦਾ ਹੱਲ ਕੇਵਲ ਖੱਬੀਆਂ ਪਾਰਟੀਆਂ ਦੀ ਅਗਵਾਈ ਹੇਠ ਵੱਡੇ ਅੰਦੋਲਨ ਤੋਂ ਬਿਨਾਂ ਨਹੀਂ ਹੋ ਸਕਦਾ। ਪਬਲਿਕ ਮੀਟਿੰਗ ਨੂੰ ਸਾਬਕਾ ਸਰਪੰਚ ਖੁਸ਼ਹਾਲ ਸਿੰਘ ਮੰਗਤ ਰਾਮ ਪ੍ਰਕਾਸ਼ ਸਿੰਘ ਨਿਰਮਲ ਸਿੰਘ ਤੇ ਹੋਰ ਸਾਥੀਆਂ ਨੇ ਸੰਬੋਧਨ ਕੀਤਾ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੇਅਦਬੀ ਰੋਕੂ ਕਨੂੰਨ ਸਬੰਧੀ ਉਠਾਏ ਇਤਰਾਜ਼ ਜਾਇਜ਼, ਅਸੀਂ ਪੰਥਕ ਫੈਸਲੇ ਦੇ ਨਾਲ ਖੜ੍ਹੇ ਰਹਾਂਗੇ : ਬਾਪੂ ਤਰਸੇਮ ਸਿੰਘ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ ਲਿਖਤੀ ਮੰਗ ਪੱਤਰ



ਅੰਮ੍ਰਿਤਸਰ, 30 ਮਈ (ਸੰਧਾ) ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਕਾਰਜਕਾਰੀ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮਿਲ ਕੇ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਰੋਕੂ ਕਾਨੂੰਨ" ਸਬੰਧੀ ਪਾਰਟੀ ਦਾ ਲਿਖਤੀ ਪੱਖ ਸੌਂਪਿਆ। ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ 14 ਅਪ੍ਰੈਲ 2026 ਨੂੰ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਇਸ ਕਾਨੂੰਨ ਦੀ ਪਾਰਟੀ ਪੱਧਰ 'ਤੇ ਸਮੀਖਿਆ ਕਰਵਾਈ ਗਈ ਹੈ। ਸਮੀਖਿਆ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਡੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਨੂੰਨ ਸਬੰਧੀ ਉਠਾਏ ਗਏ ਇਤਰਾਜ਼ ਅਤੇ ਖ਼ਦਸ਼ੇ ਪੂਰੀ ਤਰ੍ਹਾਂ ਜਾਇਜ਼ ਹਨ ਅਤੇ ਇਨ੍ਹਾਂ ਨੂੰ ਦੂਰ ਕੀਤੇ ਬਿਨਾਂ ਇਹ ਕਾਨੂੰਨ ਸਿੱਖ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫ਼ਲ ਰਹੇਗਾ। ਉਨ੍ਹਾਂ ਕਿਹਾ ਕਿ ਕਾਨੂੰਨ ਦੀਆਂ ਕੁਝ ਧਾਰਾਵਾਂ ਭਵਿੱਖ ਵਿੱਚ ਸਿੱਖਾਂ, ਗ੍ਰੰਥੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਖ਼ਿਲਾਫ਼ ਦੁਰਵਰਤੋਂ ਦਾ ਸਾਧਨ ਬਣ ਸਕਦੀਆਂ ਹਨ। ਕਿਸੇ ਵੀ ਨਿਰਦੋਸ਼ ਸਿੱਖ ਉੱਤੇ ਬੇਅਦਬੀ ਦਾ ਦੋਸ਼ ਲਗਾ ਕੇ ਉਸਨੂੰ ਲੰਬੇ ਸਮੇਂ ਲਈ ਕਾਨੂੰਨੀ ਪੇਚੀਦਗੀਆਂ ਵਿੱਚ ਫਸਾਇਆ ਜਾ ਸਕਦਾ ਹੈ, ਜਿਸ ਕਾਰਨ ਪੰਥ ਅੰਦਰ ਗੰਭੀਰ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਸੱਦੀ ਗਈ ਇਕੱਤਰਤਾ ਦੌਰਾਨ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਜਿਨ੍ਹਾਂ ਮੁੱਦਿਆਂ ਅਤੇ ਖਾਮੀਆਂ ਵੱਲ ਧਿਆਨ ਦਿਵਾਇਆ ਸੀ, ਸਰਕਾਰ ਨੇ ਕਾਨੂੰਨ ਵਿੱਚ ਲਗਭਗ ਉਸੇ ਤਰ੍ਹਾਂ ਦੀਆਂ ਵਿਵਸਥਾਵਾਂ ਰੱਖ ਕੇ ਪੰਥ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕਾਨੂੰਨ ਦੇ ਕੁਝ ਪ੍ਰਬੰਧਾਂ ਰਾਹੀਂ ਪੀੜਤ ਧਿਰ ਨੂੰ ਹੀ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਸਿੱਖ ਭਾਵਨਾਵਾਂ ਦੇ ਉਲਟ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਸਮੂਹਕਤਾ ਨਾਲ ਵਿਚਾਰ ਕਰਕੇ ਜੋ ਵੀ ਫੈਸਲਾ ਲਿਆ ਜਾਵੇਗਾ, ਪਾਰਟੀ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇਗੀ ਅਤੇ ਹਰ ਪੱਧਰ 'ਤੇ ਉਸਦਾ ਸਮਰਥਨ ਕਰੇਗੀ। ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਦੇ ਨਾਲ ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ ਭਾਈ ਰਛਪਾਲ ਸਿੰਘ ਸੋਸਣ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਸੁਖਬੀਰ ਸਿੰਘ ਚੀਮਾ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਗੁਰਜਿੰਦਰ ਸਿੰਘ ਅਤੇ ਪ੍ਰਗਟ ਸਿੰਘ ਮੌਜੂਦ ਸਨ।

# ਕਾਂਗਰਸ ਵੱਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਵਧੀਆਂ ਕੀਮਤਾਂ ਖਿਲਾਫ ਰੋਸ ਮਾਰਚ



## ਦੇਸ਼ ਦੀ ਜਨਤਾ ਕਾਂਗਰਸ ਦੇ ਰਾਜ ਨੂੰ ਯਾਦ ਕਰਨ ਲੱਗੀ- ਸੰਧੂ

ਮੁੱਲਾਂਪੁਰ ਦਾਖਾ, 30 ਮਈ (ਦਵਿੰਦਰ ਸਿੰਘ ਲੰਮੇਂ) ਪੂਰੇ ਦਸ਼ ਅੰਦਰ ਪੈਟਰੋਲੀਅਮ ਪਦਾਰਥਾਂ ਦੀਆਂ ਵਧੀਆਂ ਕੀਮਤਾਂ ਦੇ ਖਿਲਾਫ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤੇ ਹਲਕਾ ਦਾਖਾ ਦੇ ਇੰਚਾਰਜ ਕੈਪਟਨ ਸੰਦੀਪ ਸਿੰਘ ਸੰਧੂ ਦੀ ਅਗੁਵਾਈ ਹੇਠ ਵਿਸ਼ਾਲ ਰੋਸ ਮਾਰਚ ਕੀਤਾ ਗਿਆ , ਜਿਸ ਵਿੱਚ ਵੱਡੀ ਗਿਣਤੀ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮਾਰਚ ਵਿੱਚ ਸ਼ਾਮਲਪਾਰਟੀ ਵਰਕਰਾਂ ਵੱਲੋਂ ਮੋਦੀ ਸਰਕਾਰ ਖਿਲਾਫ ਲਿਖੇ ਨਾਅਰੇ 'ਜੁਮਲੇ ਨਹੀਂ ਰਾਹਤ ਦਿਉ' ਅਤੇ 'ਅੱਬ ਕੀ ਬਾਰ ਸੌ ਕੇ ਪਾਰ' ਲਿਖੀਆਂ ਤਖਤੀਆਂ ਹੱਥਾਂ ਵਿੱਚ ਫੜੀਆਂ ਹੋਈਆਂ ਸਨ। ਵਰਕਰਾਂ ਵੱਲੋਂ ਬੁਲੰਦ ਆਵਾਜ ਵਿੱਚ ਕਾਂਗਰਸ ਪਾਰਟੀ ਜਿੰਦਾਬਾਦ ਅਤੇ ਮੋਦੀ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਏ ਜਾ ਰਹੇ ਸਨ। ਦਾਣ ਮੰਡੀ ਵਿਖੇ ਸਥਿਤ ਪਾਰਟੀ ਦੇ ਦਫਤਰ ਤੋਂ ਰਵਾਨਾ ਹੋਕੇ ਇਹ ਮਾਰਚ ਸ਼ਹਿਰ ਵਿੱਚ ਦੀ ਹੁੰਦਾ ਹੋਇਆਪਾਰਟੀ ਦਫਤਰ ਵਿਖੇ ਆਕੇ ਸਮਾਪਤ ਹੋਇਆ। ਇਸ ਮੌਕੇ ਕੈਪਟਨ ਸੰਦੀਪ ਸਿੰਘ ਸੰਧੂ ਨੇ ਕਿਹਾ ਕਿ ਮੋਦ ਸਰਕਾਰ ਨੂੰ ਪੈਰਟੋਲ- ਡੀਜਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਅਥਾਹ ਵਾਧਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਦੇਸ਼ ਦੇ ਲੋਕ ਹੁਣ ਕਾਂਗਰਸ ਦੀ ਮਨਮੋਹਨ ਸਿੰਘ ਦੀ ਸਰਕਾਰ ਨੂੰ ਯਾਦ ਕਰਨ ਲੱਗੇ ਹਨ। ਜਿਸਨੇ ਪੂਰੀ ਦੁਨੀਆ ਵਿੱਚ ਆਰਥਿਕ ਮੰਦਹਾਲੀ ਦੇ ਬਾਵਜੂਦ ਮਹਾਨ ਅਰਥ ਸ਼ਾਸਤਰੀ ਡਾ. ਮਨਮੋਹਣ ਸਿੰਘ ਦੀ ਨੀਤੀਆਂ ਨੇ ਦੁਨੀਆ ਦੇ ਵੱਡੇ ਲੋਕ ਤੰਤਰ ਭਾਰਤ ਦੇਸ਼ ਅੰਦਰ ਲੋਕਾਂ ਨੂੰ ਆਰਥਿਕ ਮੰਦਹਾਲੀ ਦੇ ਦੌਰ ਵਿੱਚੋਂ ਬਾਹਰ ਕੱਢਿਆ। ਕੈਪਟਨ ਸੰਧੂ ਨੇ ਅਪੀਲ ਕੀਤੀ ਕਿ ਇਹਨਾਂ ਵਧੀਆਂ ਕੀਮਤਾਂ ਅੱਤ ਦੀ ਮਹਿੰਗਾਈ ਖਿਲਾਫ ਹਰੇਕ ਵਿਅਕਤੀ ਕਾਂਗਰਸ ਦਾ ਸਥਾ ਦੇ ਰਿਹਾ ਹੈ ।

ਇਸ ਮੌਕੇ ਪ੍ਰਧਾਨ ਜਸਵਿੰਦਰ ਸਿੰਘ ਹੈਪੀ, ਬਲਾਕ ਪ੍ਰਧਾਨ ਪ੍ਰੇਮ ਸਿੰਘ ਸੇਖੋਂ, ਸੁਖਵਿੰਦਰ ਸਿੰਘ ਪਮਾਲੀ, ਦਰਸ਼ਨ ਸਿੰਘ ਬੀਰਮੀ, ਲਖਵਿੰਦਰ ਸਿੰਘ ਘਮਣੇਵਾਲ, ਕੁਲਦੀਪ ਸਿੰਘ ਬੱਦੋਵਾਲ, ਸਰਪੰਚ ਰਾਜਵਿੰਦਰ ਸਿੰਘ ਰਾਜੂ ਬੱਦੋਵਾਲ, ਸਰਪੰਚ ਬਿੱਟੂ ਦੇਤਵਾਲ, ਸਰਪੰਚ ਜਸਵੀਰ ਸਿੰਘ ਖੰਡੂਰ, ਅਮਰਦੀਪ ਸਿੰਘ ਰੂਬੀ ਬੱਲੋਵਾਲ, ਸਰਪੰਚ ਸੁਖਵਿੰਦਰ ਸਿੰਘ ਟੋਨੀ , ਜਗਦੇਵ ਸਿੰਘ ਗਰੇਵਾਲ , ਗੁਰਮੀਤ ਸਿੰਘ ਰੂਮੀ, ਸੰਨੀ ਜੋਧਾਂ, ਤਨਵੀਰ ਸਿੰਘ ਜੋਧਾਂ, ਰੁਲਦਾ ਸਿੰਘ ਪੰਡੋਰੀ, ਜਸਪਾਲ ਸਿੰਘ ਬੱਦੋਵਾਲ, ਹਰਿੰਦਰ ਸਿੰਘ ਰਕਬਾ, ਕੁਲਦੀਪ ਸਿੰਘ ਗੁੱਜਰਵਾਲ, ਗੁਰਮੀਤ ਸਿੰਘ ਸਿੱਧਵਾਂ ਬੇਟ, ਮਨਜੀਤ ਸਿੰਘ ਕੈਲਪੁਰ, ਮਨਦੀਪ ਸਿੰਘ ਗੁੱਜਰਵਾਲ, ਈਸ਼ਾਨ ਸਿੰਗਲਾ, ਕੌਂਸਲਰ ਅਮਨ ਮੁੱਲਾਂਪੁਰ, ਤਰੂਣ ਜਿੰਦਲ, ਚਰਨਜੀਤ ਅਰੋੜਾ, ਸੁਖਪ੍ਰੀਤ ਸਿੰਘ ਜੱਸੋਵਾਲ , ਸਰਪੰਚ ਮਲਕੀਤ ਸਿੰਘ, ਤਰਲੋਕ ਸਿੰਘ ਸਵੱਦੀ, ਸੁਖਪ੍ਰੀਤ ਸਿੰਘ ਜੱਸੋਵਾਲ,ਜਗਰੂਪ ਸਿੰਘ ਅਤੇ ਕੁਲਦੀਪ ਸਿੰਘ ਖੰਡੂਰ ਆਦਿ ਹਾਜਰ ਸਨ ।

ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

ਮੋ; 99885-37575